# ਜੂਆ
(Gambling)

## ਤੱਥ ਅਤੇ ਭਰਮ
**(Myths and Facts)**

ਸਾਡੀ ਗਲਬਾਤ ਵਿਚ ਵਰਤੇ ਗਏ ਬਹੁਤ ਸਾਰੇ ਮੁਹਾਵਰਿਆਂ ਦੀ ਜੜ ਜੂਏ ਵਿਚ ਹੈ। ਸੋਚੋ ਦਿਨ ਵਿਚ ਕਿੰਨੀ ਵਾਰ ਤੁਸੀਂ ਇੱਕ ਵਾਕ ਦੀ ਸ਼ੁਰੂਆਤ "ਲੱਗੀ ਸ਼ਰਤ..." ਨਾਲ ਕਰਦੇ ਹੋ। ਇਹ ਕੁਝ ਹੋਰ ਉਦਾਹਰਨਾਂ ਹਨ:

- "ਸੰਭਾਵਨਾ ਹੈ..."
- "ਇਹ ਪੱਕੀ ਗੱਲ ਹੈ!"
- "ਇਹ ਇੱਕ ਕਰੈਪਸ਼ੂਟ ਹੈ।"
- "ਮੇਰੇ ਕੋਲ ਇੱਕ ਇੱਕਾ ਪਿਆ ਹੈ।"

ਇਹ ਇੱਕ ਸੁਰੱਖਿਅਤ ਸ਼ਰਤ ਹੈ (ਇੱਕ ਹੋਰ ਮੁਹਾਵਰਾ ਜੋ ਕਿ ਜੂਏ ਵਿਚੋਂ ਆਇਆ ਹੈ) ਜੋ ਤੁਸੀਂ ਇਹ ਮੁਹਾਵਰੇ ਅਕਸਰ ਵਰਤਦੇ ਹੋ! ਇਹ ਸਾਰੇ ਆਮ ਵਾਕ ਇਹ ਸਬੂਤ ਹਨ ਕਿ ਜੂਆ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਹੈ – ਇੰਨਾ ਲੰਬਾ ਕਿ ਕੁਝ ਭਰਮ ਪੈਦਾ ਕਰ ਚੁੱਕਿਆ ਹੈ। ਜੂਏ ਬਾਰੇ ਇਹ ਕੁਝ ਪ੍ਰਚਲਿਤ ਭਰਮ ਅਤੇ ਤੱਥ ਹਨ।

**ਭਰਮ:** ਜੂਆ ਪੈਸੇ ਕਮਾਉਣ ਦਾ ਇੱਕ ਤਰੀਕਾ ਹੈ।

**ਤੱਥ:** ਜ਼ਿਆਦਾਤਰ, ਜੂਆ ਪੈਸੇ ਗਵਾਉਣ ਦਾ ਇੱਕ ਸਾਧਨ ਹੈ। ਜੇ ਤੁਸੀਂ ਜੂਆ ਖੇਡਦੇ ਹੋ, ਸੋਚੋ ਜਿਵੇਂ ਇਹ ਇੱਕ ਮਨੋਰੰਜਨ ਦਾ ਸਾਧਨ ਹੈ ਜਿਸ ਲਈ ਤੁਸੀਂ ਖਰਚ ਕਰਦੇ ਹੋ, ਜਿਵੇਂ ਕਿ ਫਿਲਮ ਦੀ ਟਿਕਟ ਜਾਂ ਦੋਸਤਾਂ ਨਾਲ ਰਾਤ ਦਾ ਖਾਣਾ।ਇਹ ਜੂਏ ਵਲ ਤੁਹਾਡਾ ਨਜ਼ਰੀਆ ਸਹੀ—ਰੱਖਣ ਵਿਚ ਮਦਦ ਕਰ ਸਕਦਾ ਹੈ-ਅਤੇ ਜੇ ਕਦੇ ਤੁਸੀਂ ਕੁਝ ਪੈਸੇ ਜਿੱਤਦੇ ਹੋ, ਤਾਂ ਇਸ ਨਾਲ ਵਧੀਆ ਪਾਰਟੀ ਹੋਵੇਗੀ ਨਾ ਕਿ ਤੁਸੀਂ ਇਸ ਉੱਤੇ ਨਿਰਭਰ ਸੀ।

**ਭਰਮ:** ਲੋਕੀ ਪਹਿਲਾਂ ਦੱਸ ਸਕਦੇ ਹਨ ਕਿ ਕੀ ਉਛਾਲਿਆ ਗਿਆ ਸਿੱਕਾ ਹੈਡ ਆਵੇਗਾ ਜਾਂ ਟੇਲ ਆਵੇਗਾ।

**ਤੱਥ:** ਸਿੱਕੇ ਦਾ ਹਰ ਉਛਾਲ ਇੱਕ ਆਜ਼ਾਦ ਘਟਨਾ ਹੈ।ਇਹ ਫਰਕ ਨਹੀਂ ਪੈਂਦਾ ਕਿ ਪਿਛਲੇ ਉਛਾਲਾਂ ਵਿਚ ਕੀ ਆਇਆ ਸੀ।ਹੈਡ ਜਾਂ ਟੇਲ ਆਉਣ ਦੀ ਸੰਭਾਵਨਾ ਹਰ ਉਛਾਲ ਵਿਚ 50% ਪ੍ਰਤੀਸ਼ਤ ਦੀ ਹੁੰਦੀ ਹੈ, ਬਾਵਜੂਦ ਇਸਦੇ ਕਿ ਤੁਸੀਂ ਕਿਨੀ ਵਾਰ ਸਿੱਕਾ ਓਛਾਲਿਆ।

**ਭਰਮ:** ਇਹੋ ਜਿਹੇ ਕੁਝ ਤਰੀਕੇ ਹਨ ਜੋ ਕਿ ਲਾਟਰੀ ਦੇ ਨੰਬਰ ਦਾ ਪਹਿਲਾਂ ਤੋਂ ਅਨੁਮਾਨ ਲਗਾ ਸਕਦੇ ਹਨ।

**ਤੱਥ:** ਇਹ ਫਰਕ ਨਹੀਂ ਪੈਂਦਾ ਕਿ ਤੁਸੀਂ ਕਿਵੇਂ ਨੰਬਰ ਚੁਣਦੇ ਹੋ; ਤੁਹਾਡੇ ਜਿੱਤਣ ਦੀ ਸੰਭਾਵਨਾ ਹਮੇਸ਼ਾਂ ਉੱਨੀ ਹੀ ਹੁੰਦੀ ਹੈ। ਇੱਕ ਲਾਟਰੀ ਜਿਵੇਂ ਲੌਟੋ 6/49 (Lotto 6/49) ਦਾ ਉਦਾਹਾਰਨ ਲਵੋ।ਸਾਰੇ ਨੰਬਰ ਇੱਕ ਡਰੱਮ ਵਿਚ ਪਾ ਕੇ ਮਿਕਸ ਕੀਤੇ ਜਾਂਦੇ ਹਨ। ਚੋਣ ਸਿਰਫ ਸੰਜੋਗਵਸ਼ ਹੁੰਦੀ ਹੈ।ਹਰ ਨੰਬਰ ਦੇ ਚੁਣੇ ਜਾਣ ਦੀ ਸੰਭਾਵਨਾ ਇੱਕੋ ਜਿਹੀ ਹੈ (49 ਵਿਚੋਂ 1 ਵਾਰੀ ਸਹੀ )। ਤੁਹਾਡੇ ਜੈਕਪੋਟ ਜਿੱਤਣ ਦੀ ਸੰਭਾਵਨਾ 13,983,816 ਵਿਚੋਂ 1 ਵਾਰੀ ਦੀ ਹੈ।

**ਭਰਮ:** ਕਿਸ਼ੋਰ (13 ਤੋਂ 19 ਸਾਲ ਵਾਲੇ ਬੱਚੇ) ਜ਼ਿਆਦਾਤਰ ਜੂਆ ਨਹੀਂ ਖੇਡਦੇ।

**ਤੱਥ:** ਹਰ 3 ਵਿਚੋਂ 2 ਕਿਸ਼ੋਰ ਜੂਆ ਖੇਡਦੇ ਹਨ।

**ਭਰਮ:** ਕਿਸ਼ੋਰਾਂ ਵਿੱਚ ਜੂਏ ਦੀ ਆਦਤ ਵਿਕਸਿਤ ਨਹੀਂ ਹੁੰਦੀ।

**ਤੱਥ:** ਕਿਸ਼ੋਰ ਦੋਸਤਾਂ ਨਾਲ ਜੂਆ ਖੇਡਦੇ ਹਨ ਪਰ ਕੈਸੀਨੋ ਵਿਚ ਨਹੀਂ, ਪਰ ਇਸਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਵਿੱਚ ਜੂਏ ਦੀ ਆਦਤ ਨਹੀਂ ਵਿਕਸਿਤ ਨਹੀਂ ਹੋ ਸਕਦੀ ਹੈ। 2008 ਵਿਚ ਅਲਬਰਟਾ ਦੇ 7 ਤੋਂ 12 ਦਰਜੇ ਦੇ ਵਿਦਿਆਰਥੀਆਂ ਨਾਲ ਹੋਏ ਇੱਕ ਸਰਵਖੇਣ ਵਿਚ 2% ਤੋਂ ਥੋੜ੍ਹਾ ਜਿਹਾ ਜ਼ਿਆਦਾ, ਹਰ 100 ਪਿੱਛੇ 2 ਵਿਦਿਆਰਥੀ ਸਨ ਜਿਨ੍ਹਾਂ ਵਿਚ ਜੂਏ ਦੀ ਆਦਤ ਹੋਣ ਦੇ ਲੱਛਣ ਸਨ। ਲਗਭਗ 4% ਜਾਂ ਹਰ 100 ਪਿੱਛੇ ਲਗਭਗ 4 ਵਿਦਿਆਰਥੀਆਂ ਵਿਚ ਜੂਏ ਦੀ ਆਦਤ ਪੈਦਾ ਹੋਣ ਦਾ ਖਤਰਾ ਸੀ।

**ਭਰਮ:** ਲੋਕੀਂ ਅਕਸਰ ਆਪਣਾ ਪੈਸਾ ਵਾਪਸ ਜਿੱਤ ਸਕਦੇ ਹਨ ਜੇ ਉਹ ਹਾਰ ਦੇ ਦੌਰ ਵਿਚੋਂ ਗੁਜਰੇ ਹਨ।

**ਤੱਥ:** ਇਹ ਬਿਲਕੁਲ ਸੱਚ ਨਹੀਂ ਹੈ! ਕੈਸੀਨੋ ਤਾਂ ਹੀ ਲਗਾਤਾਰ ਚੱਲ ਰਹੇ ਹਨ ਜੇ ਬਹੁਤੇ ਲੋਕ ਆਪਣਾ ਪੈਸਾ ਵਾਪਸ ਨਹੀਂ ਜਿੱਤਦੇ।ਇਸ ਬਾਰੇ ਸੋਚੋ: ਕੋਈ ਕੈਸੀਨੋ ਕਿੰਨੀ ਦੇਰ ਤਕ ਵਪਾਰ ਵਿਚ ਰਹਿ ਸਕਦਾ ਹੈ ਜੇਕਰ ਉਹ ਜਿੱਤਣ ਨਾਲੋਂ ਵਧ ਪੈਸੇ ਹਾਰਦਾ ਹੋਵੇ? ਸੱਚ ਇਹ ਹੈ ਕਿ ਜਿਆਦਾ ਜੁਆਰੀ ਇਹਨਾਂ ਥਾਂਵਾਂ ਤੇ ਆਪਣੀ ਜਿੱਤ ਨਾਲੋਂ ਕਈ ਗੁਣਾ ਜ਼ਿਆਦਾ ਪੈਸਾ ਹਾਰਦੇ ਹਨ।

**ਭਰਮ:** ਲਾਟਰੀ ਜਿੱਤਣਾ ਤੁਹਾਡੇ ਜੀਵਨ ਨੂੰ "ਅਸਾਨ ਬਣਾ ਦਿੰਦਾ" ਹੈ।

**ਤੱਥ:** ਜੇ ਤੁਸੀਂ 18 ਸਾਲ ਤੋਂ ਘੱਟ ਹੋ ਤਾਂ ਨਹੀਂ! ਅਲਬਰਟਾ ਵਿੱਚ, 18 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਲਾਟਰੀ ਦੀ ਟਿਕਟ ਖਰੀਦਣਾ, ਲਾਟਰੀ ਦੀ ਜਿੱਤ ਇੱਕੱਠਾ ਕਰਨਾ ਜਾਂ ਅਲਬਰਟਾ ਖੇਡਾਂ ਅਤੇ ਸ਼ਰਾਬ ਆਯੋਗ (Alberta Gaming and Liquor Commission) ਦੁਆਰਾ ਸਪਾਂਸਰ ਕੀਤੀ ਗਈ ਕੋਈ ਹੋਰ ਖੇਡ ਖੇਡਣਾ ਪ੍ਰਦੇਸ਼ੀ ਲਾਟਰੀ ਵਿਨਿਯਮਾਂ ਦੇ ਵਿਰੁੱਧ ਹੈ। (ਇਸ ਵਿੱਚ ਸਕ੍ਰੈਚ-ਅਤੇ ਜਿੱਤੋ ਟਿਕਟਾਂ ਸ਼ਾਮਿਲ ਹਨ।)

ਹੋਰ ਜ਼ਿਆਦਾ ਜਾਣਕਾਰੀ ਅਤੇ ਆਪਣੇ ਨੇੜੇ ਅਡਿਕਸ਼ਨ ਸਰਵਸਿਸ ਅਫਸਰ ਨੂੰ ਲੱਭਣ ਲਈ, ਕਿਰਪਾ ਕਰਕੇ 24-ਘੰਟੇ ਮਦਦ ਲਾਈਨ ਤੇ ਕਾਲ ਕਰੋ।

24/7 ਨਰਸ ਸਲਾਹ ਅਤੇ ਸਿਹਤ ਜਾਣਕਾਰੀ ਲਈ, ਕਿਰਪਾ ਕਰਕੇ ਹੈਲਥ ਲਿੰਕ (Health Link) ਨੂੰ
8-1-1 ਤੇ ਕਾਲ ਕਰੋ।

**ਅਖੀਰਲੀ ਵਾਰ ਸੰਸ਼ੋਧਿਤ ਕੀਤਾ:** 2 ਮਾਰਚ, 2017

**ਲੇਖਕ:** ਨਸ਼ਾ ਅਤੇ ਮਾਨਸਿਕ ਸਿਹਤ, ਅਲਬਰਟਾ ਸਿਹਤ ਸੇਵਾਵਾਂ (Addiction and Mental Health, Alberta Health Services)

ਇਹ ਸਮੱਗਰੀ ਕੇਵਲ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਸ ਨੂੰ ਮੈਡੀਕਲ ਸਲਾਹ, ਨਿਰਦੇਸ਼, ਅਤੇ/ਜਾਂ ਇਲਾਜ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਡਾਕਟਰ ਜਾਂ ਉਚਿਤ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।